**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਕੰਪਲੈਕਸ**
**ਪੰਜਾਬ ਸਕੂਲ ਸਿੱਖਿਆ ਬੋਰਡ ਫੇਜ਼8 ਐਸ.ਏ.ਐਸ. ਨਗਰ**
**(ਦਫਤਰੀ ਅਮਲਾ ਸਾਖਾ)**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸਸ/ਅਸ),
ਪੰਜਾਬ ਰਾਜ।

ਮੀਮੋ ਨੰ:3/3 -18ਦਅ(6) 209621
ਮਿਤੀ : 16/3/20

ਵਿਸ਼ਾ:- ਦਰਜਾ ਚਾਰ (ਦਸਵੀਂ ਪਾਸ) ਅਤੇ ਦਰਜਾ ਤਿੰਨ (ਭਾਵ ਐਸ.ਐਲ.ਏ., ਲਾਇਬ੍ਰੇਰੀ ਰਿਸਟੋਰਰ, ਲਾਇਬ੍ਰੇਰੀਅਨ ਅਤੇ ਡਰਾਈਵਰ) ਤੋਂ ਬਤੌਰ ਕਲਰਕ ਦੀ ਪਦਉਨਤੀਆਂ ਦੇ ਹੁਕਮਾਂ ਵਿੱਚ ਸ਼ਰਤ ਲਗਾਉਣ ਬਾਰੇ।

ਉਪਰੋਕਤ ਵਿਸ਼ਾ ਅੰਕਿਤ ਸਬੰਧੀ ਲਿਖਿਆ ਜਾਂਦਾ ਹੈ ਕਿ ਪੰਜਾਬ ਐਜੂਕੇਸ਼ਨ ਡਿਪਾਰਟਮੈਂਟ ਮਨਿਸਟੀਰੀਅਲ ਅਤੇ ਨਾਨ ਟੀਚਿੰਗ ਸਟਾਫ (ਸਬਾਰਡੀਨੇਟ ਆਫਿਸ) ਗਰੁੱਪ-ਸੀ ਰੂਲਜ 2018 ਦੇ ਅਪੈਂਡਿਕਸ ਬੀ ਦੇ ਲੜੀ ਨੰ: 3 ਕਾਲਮ ਨੰ: 6 ਆਈਟਮ ਨੰ: (iii), ਜੋ ਕਿ ਕਲਰਕ ਦੀ ਪਦਉਨਤੀ ਕਰਨ ਦਾ ਉਪਬੰਧ ਹੈ। ਇਹਨਾ ਰੂਲਾਂ ਵਿੱਚ ਹੇਠਾਂ ਲਿਖੇ ਅਨੁਸਾਰ ਉਪਬੰਧ ਹੈ:-

iii) The probation period shall be cleared only after possessing a course of at least one hundred and twenty hours with hands on experience in the use of Personal computer or Information Technology in Office Productivity applications or Desktop Publishing applications from a Government recognised institution or a reputed institution, which is ISO 9001 certified.

ਉਕਤ ਰੂਲਾਂ ਅਨੁਸਾਰ ਵਿਭਾਗ ਵੱਲੋਂ ਖੇਤਰੀ ਦਫਤਰਾਂ ਵਿੱਚ ਕੰਮ ਕਰਦੇ ਦਰਜਾ ਚਾਰ (ਦਸਵੀਂ ਪਾਸ) ਅਤੇ ਦਰਜਾ ਤ੍ਰਿੰਨ (ਭਾਵ ਐਸ.ਐਲ.ਏ., ਲਾਇਬ੍ਰੇਰੀ ਰਿਸਟੋਰਰ, ਲਾਇਬ੍ਰੇਰੀਅਨ ਅਤੇ ਡਰਾਈਵਰ) ਤੋਂ ਬਤੌਰ ਕਲਰਕ ਦੀਆਂ ਪਦਉਨਤੀਆਂ ਹੇਠਾਂ ਲਿਖੇ ਹੁਕਮਾਂ ਰਾਹੀਂ ਕੀਤੀਆਂ ਹਨ।

1) ਹੁਕਮ ਨੰ: 3/3-2018 ਦਅ(6)/262424 ਮਿਤੀ 29-08-2019
2) ਹੁਕਮ ਨੰ: 3/3-2018 ਦਅ(6)/354111 ਮਿਤੀ 14-10-2019
3) ਹੁਕਮ ਨੰ: 3/3-2018 ਦਅ(6) ਮਿਤੀ 26-1-2019
4) ਹੁਕਮ ਨੰ: 3/3-2018 ਦਅ(6)/97846 ਮਿਤੀ 7-12-2018

ਵਿਭਾਗ ਵੱਲੋਂ ਉਕਤ ਜਾਰੀ ਕੀਤੇ ਹੁਕਮਾਂ ਵਿੱਚ ਲੱਗੀਆਂ ਸ਼ਰਤਾਂ ਦੇ ਨਾਲ-ਨਾਲ ਇਹ ਵੀ ਸ਼ਰਤ ਲਗਾਈ ਜਾਂਦੀ ਹੈ ਕਿ ਕਰਮਚਾਰੀ ਦਾ ਬਤੌਰ ਕਲਰਕ ਦੀ ਅਸਾਮੀ ਤੇ ਪਦਉਨਤ ਹੋਏ ਕਰਮਚਾਰੀਆਂ ਦਾ ਪਰਖ ਕਾਲ ਸਮਾ ਕੇਵਲ ਤਾਂ ਹੀ ਪਾਰ ਕੀਤਾ ਜਾਣਾ ਹੈ ਜੇਕਰ ਅਜਿਹੇ ਕਰਮਚਾਰੀ ਪਰਸਨਲ ਕੰਪਿਊਟਰ ਦੀ ਵਰਤੋਂ ਸਬੰਧੀ 120 ਘੰਟੇ ਦਾ ਹੱਥੀ ਤਜਰਬੇ ਸਬੰਧੀ ਕੋਰਸ ਜਾਂ Information Technology in Office Productivity Applications or Desktop publishing Applications , ਕਿਸੇ ਸਰਕਾਰ ਮਾਨਤਾ ਪ੍ਰਾਪਤ ਸੰਸਥਾਂ ਜਾਂ ਕਿਸੇ ਮੰਨੀ ਪ੍ਰਮੰਨੀ ਸੰਸਥਾ, ਜੋ ਕਿ ਆਈ.ਐਸ.ਓ. 9001 ਸਰਟੀਫਾਈਡ ਹੋਵੇ, ਪਾਸੋ ਹਾਸਲ ਕੀਤਾ ਹੋਵੇ। ਉਕਤ ਹੁਕਮਾਂ ਰਾਹੀਂ ਪਦਉਨਤ ਹੋਏ ਕਲਰਕਾਂ ਦੇ ਹੁਕਮਾਂ ਵਿੱਚ ਉਕਤ ਰੂਲਾਂ ਅਨੁਸਾਰ ਸ਼ਰਤ ਵੀ ਲਗਾਈ ਜਾਂਦੀ ਹੈ। ਇਸ ਸ਼ਰਤ ਮੁਤਾਬਕ ਉੱਕਤ ਪਦਉਨਤ ਹੋਏ ਕਲਰਕਾਂ ਦੇ ਕੇਸਾਂ ਵਿੱਚ ਪਰਖ ਸਮਾਂ ਪਾਰ ਕਰਨ ਸਬੰਧੀ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ। ਇਸ ਦੀ ਪਾਲਣਾ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ।

16/3/20
ਸੁਪਰਡੰਟ ਦਫਤਰੀ ਅਮਲਾ

ਸੁਪਰਡੈਂਟ
ਦਫ਼: ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿੱ:)